

Punjabi | ਪੰਜਾਬੀ

# SMART WATER ADVICE

# ਮੀਂਹ ਦੇ ਪਾਣੀ ਵਾਲੇ ਟੈਂਕਾਂ ਨਾਲ ਪਾਣੀ ਦੀ ਬੱਚਤ

## ਮੀਂਹ ਦੇ ਪਾਣੀ ਨੂੰ ਸੰਭਾਲਣ ਵਾਲੇ ਟੈਂਕ ਪਾਣੀ ਦੀ ਬੱਚਤ ਕਰਦੇ ਹਨ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ

- ਮੀਂਹ ਦੇ ਪਾਣੀ ਨੂੰ ਸੰਭਾਲਣ ਵਾਲੇ ਟੈਂਕਾਂ ਦੀ ਵਰਤੋਂ ਕਰਕੇ ਉਹ ਪਾਣੀ ਇਕੱਠਾ ਕਰੋ ਅਤੇ ਵਰਤੋਂ ਵਿੱਚ ਲਿਆਓ, ਜੋ ਨਹੀਂ ਤਾਂ ਮੀਂਹ ਦੇ ਪਾਣੀ ਵਾਲੇ ਨਾਲਿਆਂ ਰਾਹੀਂ ਵਹਿ ਕੇ ਵਿਅਰਥ ਚਲਾ ਜਾਂਦਾ ਹੈ।
- ਮੀਂਹ ਦੇ ਪਾਣੀ ਨੂੰ ਸੰਭਾਲਣ ਵਾਲੇ ਟੈਂਕ ਇਨ੍ਹਾਂ ਗੱਲਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ...
  - ਮੀਂਹ ਦੇ ਪਾਣੀ ਨਾਲ ਨਾਲਿਆਂ ਅਤੇ ਛੋਟੀਆਂ ਨਦੀਆਂ ਨੂੰ ਹੋਣ ਵਾਲੇ ਨੁਕਸਾਨ ਨੂੰ
  - ਕੁਦਰਤੀ ਜਲ ਸਰੋਤਾਂ ਵਿੱਚੋਂ ਲਈ ਜਾਣ ਵਾਲੇ ਮੁੱਖ ਸਪਲਾਈ ਦੇ ਪਾਣੀ ਦੀ ਮਾਤਰਾ ਨੂੰ
  - ਮੁੱਖ ਸਪਲਾਈ ਦੇ ਪਾਣੀ ਨੂੰ ਸਾਫ਼ ਕਰਨ ਅਤੇ ਪੰਪ ਕਰਨ ਵਿੱਚ ਵਰਤੀ ਜਾਣ ਵਾਲੀ ਊਰਜਾ ਦੀ ਮਾਤਰਾ ਨੂੰ
- ਆਪਣੇ ਟੈਂਕ ਲਈ ਢੁੱਕਵੇਂ ਆਕਾਰ ਦਾ ਪੰਪ ਚੁਣੋ, ਤਾਂ ਜੋ ਇਹ ਊਰਜਾ ਦੀ ਕੁਸ਼ਲ ਵਰਤੋਂ ਨਾਲ ਠੀਕ ਤਰੀਕੇ ਨਾਲ ਕੰਮ ਕਰ ਸਕੇ।

## ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਵਾਲੇ ਟੈਂਕ ਬਗੀਚੇ ਨੂੰ ਪਾਣੀ ਦੇਣ ਲਈ ਵਧੇਰੇ ਲਚਕਤਾ ਪ੍ਰਦਾਨ ਕਰਦੇ ਹਨ

- ਪਾਣੀ ਦੀ ਬੱਚਤ ਦੇ ਸਥਾਈ ਨਿਯਮ ਮੀਂਹ ਦੇ ਪਾਣੀ ‘ਤੇ ਲਾਗੂ ਨਹੀਂ ਹੁੰਦੇ, ਜੋ ਤੁਸੀਂ ਆਪਣੇ ਟੈਂਕ ਵਿੱਚ ਇਕੱਠਾ ਕਰਦੇ ਹੋ।
- ਤੁਸੀਂ ਮੀਂਹ ਦੇ ਪਾਣੀ ਨਾਲ ਆਪਣੇ ਬਗੀਚੇ ਨੂੰ ਕਿਸੇ ਵੀ ਸਮੇਂ ਅਤੇ ਆਪਣੀ ਲੋੜ ਅਨੁਸਾਰ ਪਾਣੀ ਦੇ ਸਕਦੇ ਹੋ।

- ਯਾਦ ਰੱਖੋ, ਇਹ ਨਿਯਮ ਉਸ ਵੇਲੇ ਲਾਗੂ ਨਹੀਂ ਹੁੰਦਾ ਜੇਕਰ ਤੁਹਾਡਾ ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਵਾਲਾ ਟੈਂਕ ਮੁੱਖ ਸਪਲਾਈ ਦੇ ਪਾਣੀ ਨਾਲ ਭਰਿਆ ਜਾਂਦਾ ਹੈ।

## ਮੀਂਹ ਦੇ ਪਾਣੀ ਵਾਲੇ ਟੈਂਕਾਂ ਦੇ ਹੋਰ ਵਧੀਆ ਫ਼ਾਇਦੇ

- ਪਾਣੀ ਦੀ ਮੁੱਖ ਸਪਲਾਈ ਦੀ ਥਾਂ 'ਤੇ ਮੀਂਹ ਦੇ ਪਾਣੀ ਦੀ ਵਰਤੋਂ ਕਰਨ ਨਾਲ ਤੁਹਾਡੇ ਪਾਣੀ ਦੇ ਬਿੱਲ ਵਿੱਚ ਪਾਣੀ ਦੀ ਮਾਤਰਾ ਅਨੁਸਾਰ ਲੱਗਣ ਵਾਲੇ ਖ਼ਰਚੇ ਘੱਟ ਜਾਣਗੇ।
- ਯਾਦ ਰੱਖੋ, ਜੇਕਰ ਮੁੱਖ ਸਪਲਾਈ ਵਾਲਾ ਪੀਣ ਯੋਗ ਪਾਣੀ ਉਪਲਬਧ ਹੋਵੇ, ਤਾਂ ਮੀਂਹ ਦਾ ਪਾਣੀ ਪੀਣ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ।
- ਇਹ ਜਾਣ ਕੇ ਕਿ ਤੁਸੀਂ ਮੀਂਹ ਦੇ ਪਾਣੀ ਵਾਲੇ ਟੈਂਕਾਂ, ਅਤੇ ਘਰ ਤੇ ਬਗੀਚੇ ਵਿੱਚ ਹੋਰ ਪਾਣੀ-ਬਚਾਉ ਤਰੀਕਿਆਂ ਦੀ ਵਰਤੋਂ ਕਰਕੇ ਵਾਤਾਵਰਣ ਲਈ ਚੰਗਾ ਬਦਲਾਅ ਲਿਆ ਰਹੇ ਹੋ, ਤਾਂ ਸਚਮੁੱਚ ਵਧੀਆ ਮਹਿਸੂਸ ਹੁੰਦਾ ਹੈ!

## ਮੀਂਹ ਦੇ ਪਾਣੀ ਵਾਲੇ ਟੈਂਕਾਂ ਨੂੰ ਟਾਇਲਟ ਅਤੇ ਲਾਂਡਰੀ ਨਾਲ ਜੋੜਨ ਨਾਲ ਹੋਰ ਵੀ ਵੱਧ ਪਾਣੀ ਦੀ ਬੱਚਤ ਹੁੰਦੀ ਹੈ

- ਟਾਇਲਟ ਅਤੇ ਲਾਂਡਰੀਆਂ ਸਾਰਾ ਸਾਲ ਪਾਣੀ ਦੀ ਵਰਤੋਂ ਕਰਦੇ ਹਨ।
- ਮੀਂਹ ਪੈਣ ਸਮੇਂ ਬਗੀਚੇ ਨੂੰ ਪਾਣੀ ਦੇਣ ਦੀ ਲੋੜ ਨਹੀਂ ਹੁੰਦੀ, ਅਤੇ ਸਰਦੀਆਂ ਵਿੱਚ ਵੀ ਬਗੀਚਿਆਂ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ।
- ਕੁੱਝ ਕਾਰੋਬਾਰ ਟਾਇਲਟਾਂ, ਲਾਂਡਰੀਆਂ ਅਤੇ ਇੱਥੋਂ ਤੱਕ ਕਿ ਕੁੱਝ ਨਿਰਮਾਣ ਪ੍ਰਕਿਰਿਆਵਾਂ ਲਈ ਵੀ ਮੀਂਹ ਦੇ ਪਾਣੀ ਦੀ ਵਰਤੋਂ ਕਰ ਸਕਦੇ ਹਨ।

ਮੀਂਹ ਦੇ ਪਾਣੀ ਦਾ ਟੈਂਕ ਲਗਵਾਉਣ ਲਈ ਪਲੰਬਰ ਨਾਲ ਗੱਲ ਕਰੋ, ਅਤੇ ਉਪਲਬਧ ਤਰੀਕਿਆਂ ਅਤੇ ਖ਼ਰਚਿਆਂ ਬਾਰੇ ਸਹੀ ਸਲਾਹ ਲਵੋ।





**The Water Conservancy ਯੂ-ਟਿਊਬ ਚੈਨਲ 'ਤੇ 'ਕਿਵੇਂ ਕਰੀਏ' ਵੀਡੀਓ ਗਾਈਡਾਂ ਦੇਖੋ।**

SMART WATER ADVICE

**ਹੋਰ ਜਾਣਕਾਰੀ ਲਈ, ਇੱਥੇ ਵੇਖੋ:**
**www.smartwateradvice.org**

ਪੇਸ਼ਕਰਤਾ
the water conservancy